# मोर बोलदे बोल्दियां कोयलां

ਓ ਮੋਰ, ਬੋਲਦੇ ਬੋਲਦੀਆਂ ਕੋਇਲਾਂ,
ਵੇ ਤੇਰੇ, ਦਰਬਾਰ ਜੋਗੀਆ ॥
ਓ ਵੇ ਮੈਂ, ਵਿੱਚ ਜੰਗਲਾਂ ਦੇ ਟੋਹਲਾਂ,
ਵੇ ਤੇਰੇ, ਦਰਬਾਰ ਜੋਗੀਆ ॥
ਓ ਮੋਰ, ਬੋਲਦੇ ਬੋਲਦੀਆਂ ਕੋਇਲਾਂ,,,,,,,,,,,

ਓ ਬੜਾ ਚਿਰ ਹੋ ਗਿਆ, ਦੀਦਾਰ ਤੇਰੇ ਹੋਏ ਨਾ ॥
ਓ ਕੇਹੜਾ ਦਿਨ ਚੰਦਰਾ, ਜੋ ਨੈਣ ਮੇਰੇ ਰੋਏ ਨਾ ॥
ਦੱਸ ਕੇਹਦੇ ਨਾਲ, ਦਿਲ ਦੀਆਂ ਫੋਲਾਂ,
ਵੇ ਤੇਰੇ, ਦਰਬਾਰ ਜੋਗੀਆ,,,
ਓ ਮੋਰ, ਬੋਲਦੇ ਬੋਲਦੀਆਂ ਕੋਇਲਾਂ,,,,,,,,,,,

ਓ ਦੂਰੋਂ ਦੂਰੋਂ ਚੱਲਕੇ, ਸੰਗਤ ਦਰ ਆਉਂਦੀ ਏ ॥
ਓ ਤੇਰੇ ਦਰ ਆ ਕੇ ਬਾਬਾ, ਦੁੱਖੜੇ ਸੁਣਾਉਂਦੀ ਏ ॥
ਓ ਮੈਂ ਵੀ, ਨਾਲੇ ਤੇਰੇ ਦੁੱਖੜੇ ਫਰੋਲਾਂ,
ਵੇ ਤੇਰੇ, ਦਰਬਾਰ ਜੋਗੀਆ,,,
ਓ ਮੋਰ, ਬੋਲਦੇ ਬੋਲਦੀਆਂ ਕੋਇਲਾਂ,,,,,,,,,,,

ਓ ਨੰਗੇ, ਪੈਰ ਸੁੰਬਰ ਲੈ ਵੇਹੜਾ,
ਬਾਬੇ/ਜੋਗੀ ਨੇ, ਆਉਣਾ ਦੋ ਘੜ੍ਹੀਆਂ ॥
ਵੇ ਆਉਣਾ ਦੋ ਘੜ੍ਹੀਆਂ, ਵੇ ਆਉਣਾ ਦੋ ਘੜ੍ਹੀਆਂ ॥
ਓ ਨੰਗੇ, ਪੈਰ ਸੁੰਬਰ ਲੈ ਵੇਹੜਾ,,,,,,,,,,,,,,

ਓ ਬੌੜ੍ਹੀ ਬੌੜ੍ਹੀ ਵੇ, ਗੁਫ਼ਾ/ਤਲਾਈਆਂ ਦਿਆ ਮਾਲਕਾ,
ਤੇਰੇ ਹੱਥ ਡੋਰਾਂ ਮੇਰੀਆਂ ॥

ਓ ਤੈਨੂੰ, ਯਾਦ ਬੱਚਿਆਂ/ਸੰਗਤਾਂ ਨੇ ਕੀਤਾ,
ਵੇ ਏਥੇ ਬੌੜ੍ਹੀ, ਬੋਹੜਾਂ ਵਾਲਿਆ ॥

ਓ ਸਦਾ ਲੋੜ, ਭਗਤਾਂ ਨੂੰ ਹੈ ਤੇਰੀ,
ਤਲਾਈਆਂ ਵਿੱਚ, ਰਹਿਣ ਵਾਲਿਆਂ ॥

ਓ ਜੋਗੀ ਪੁੱਛਦਾ, ਪਹਾੜੋਂ ਆ ਕੇ,
ਕਿ ਕੀ ਗੱਲ, ਹੋ ਗਈ ਭਗਤੋ ॥

ਓ ਬਾਬਾ/ਜੋਗੀ, ਬਹਿ ਗਿਆ ਬੋਹੜਾਂ ਦੇ ਥੱਲੇ ਆ ਕੇ,
ਮੁਰਾਦਾਂ ਵਾਲੇ, ਥੱਲੇ ਬੈਠ ਗਏ ॥

ਓ ਜਿਵੇਂ, ਪਿੱਛਲੀਆਂ ਸੰਗਤਾਂ ਤਾਰੀਆਂ,
ਉਸੇ ਤਰ੍ਹਾਂ, ਤਾਰੋ ਬਾਬਾ ਜੀ ॥

ਓ ਤੇਰਾ, ਲਾਲ ਮੰਦਿਰਾਂ ਵਿੱਚ ਖੇੜੇ,

ਰੱਖਿਓ, ਖਿਆਲ ਬਾਬਾ ਜੀ ॥

ਤੈਨੂੰ ਬਾਬਾ/ਜੋਗੀ ਜੀ, ਕਿਸੇ ਨਹੀਂਓਂ ਕਹਿਣਾ,
ਜੇ ਤੂੰ ਮੇਰੀ, ਲਾਜ਼ ਨਾ ਰੱਖੀ ॥

ਓ ਮੇਰਾ, ਕੁਝ ਨਾ ਗਰੀਬ ਦਾ ਜਾਣਾ,
ਵੇ ਧੱਕੇ/ਠੇਡੇ ਪੈਣੇ, ਤੇਰੇ ਨਾਮ ਨੂੰ ॥

ਓ ਨੰਗੇ, ਪੈਰ ਸੁੰਬਰ ਲੈ ਵੇਹੜਾ,
ਬਾਬੇ/ਜੋਗੀ ਨੇ, ਆਉਣਾ ਦੋ ਘੜ੍ਹੀਆਂ ॥

ਓ ਹੁਣ, ਤਾਰੋ ਤਾਰਣ ਹਾਰ,
ਵੇਲਾ, ਤੇਰੇ ਆਵਣ ਦਾ ॥

ਓ ਬਾਬਾ/ਹੁਣ, ਆਜਾ ਗੁਫ਼ਾ ਤੋਂ ਬਾਹਰ,
ਵੇਲਾ, ਤੇਰੇ ਆਵਣ ਦਾ ॥

ਓ ਹੁਣ, ਤਾਰੋ ਤਾਰਣ ਹਾਰ,
ਵੇਲਾ, ਤੇਰੇ ਆਵਣ ਦਾ ॥

ਓ,,, ਆਸਣ ਤੇ, ਬਾਬਾ ਫੁੱਲਾਂ ਵਾਲੀ ਵਾਸ਼ਨਾ ॥
*ਓ ਫੁੱਲਾਂ ਵਾਲੀ ਵਾਸ਼ਨਾ, ਜੀ ਫੁੱਲਾਂ ਵਾਲੀ ਵਾਸ਼ਨਾ* ॥
ਓ,,, ਆਸਣ ਤੇ, ਬਾਬਾ ਫੁੱਲਾਂ ਵਾਲੀ ਵਾਸ਼ਨਾ ॥
*ਓ ਫੁੱਲਾਂ ਵਾਲੀ ਵਾਸ਼ਨਾ, ਜੀ ਫੁੱਲਾਂ ਵਾਲੀ ਵਾਸ਼ਨਾ* ॥
ਓ,,, ਆਸਣ ਤੇ, ਬਾਬਾ ਫੁੱਲਾਂ ਵਾਲੀ ਵਾਸ਼ਨਾ ॥

ਓ ਵਿੱਚ, ਅਖਾੜੇ ਦੇ ਆਜਾ, ਜੇ ਤੂੰ ਦਾਤਾ ਏ ਲੱਖਾਂ ਦਾ ॥
ਓ ਵਿੱਚ, ਅਖਾੜੇ ਦੇ ਆਜਾ, ਜੇ ਤੂੰ ਦਾਤਾ ਏ ਟਿੱਲੇ ਦਾ ॥
*ਦਾਤਾ ਏ, ਟਿੱਲੇ ਦਾ ਜੇ ਤੂੰ, ਬਾਬਾ ਏ ਟਿੱਲੇ ਦਾ* ॥
ਓ ਵਿੱਚ, ਅਖਾੜੇ ਦੇ ਆਜਾ, ਜੇ ਤੂੰ ਦਾਤਾ ਏ ਟਿੱਲੇ ਦਾ ॥॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/26009/title/maur-bolde-boldiyan-koylan

अपने Android मोबाइल पर BhajanGanga App डाउनलोड करें और भजनों का आनंद ले |